بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 14.02.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਮੁਹਮੱਦ ਬਿਨ ਮੁਸਲਮਾ ਰਜ਼ੀ ਅਲੱਾਹ ਅਨਹੁ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਮਨ ਭਾਉਂਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 14 ਫ਼ਰਵਰੀ 2020 ਈ. ਨੂੰ ਮਸਜਿਦ ਬੈਤੁਲ ਫ਼ੁਤੂਹ, ਮੋਰਡਨ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਹਜ਼ਰਤ ਮੁਹਮੱਦ ਬਿਨ ਮੁਸਲਮਾ ਬਾਰੇ ਜ਼ਿਕਰ ਹੋ ਰਿਹਾ ਸੀ ਅਤੇ ਕੁਝ ਭਾਗ ਰਹਿ ਗਿਆ ਸੀ ਜੋ ਅੱਜ ਇੰਸ਼ਾਅਲੱਾਹ ਬਿਆਨ ਕੀਤਾ ਜਾਏਗਾ । ਕਅਬ ਬਿਨ ਅਸ਼ਰਫ਼ ਦੇ ਕਤਲ ਬਾਰੇ ਇਹ ਵਰਨਣ ਹੋਇਆ ਸੀ ਕਿ ਹਜ਼ਰਤ ਮੁਹਮੱਦ ਬਿਨ ਮੁਸਲਮਾ ਨੇ ਉਸਨੂੰ ਬਹਾਨੇ ਨਾਲ ਘਰੋਂ ਦੂਰ ਲੈ ਜਾਕੇ ਕਤਲ ਕਰ ਦਿਤੱਾ, ਤਾਂ ਕੀ ਇਹ ਝੂਠ ਨਹੀਂ ਹੈ ? ਭਾਵ ਇਹ ਵੀ ਵਰਨਣ ਹੋਇਆ ਸੀ ਕਿ ਕਈ ਓਲਮਾਵਾਂ ਅਨੁਸਾਰ ਇਕ ਹਦੀਸ ਦੇ ਹਵਾਲੇ ਨਾਲ ਤਿੰਨ ਮੌਕਿਆਂ'ਤੇ ਝੂਠ ਬੋਲਣ ਦੀ ਆਗਿਆ ਹੈ, ਪਰੰਤੂ ਵਾਸਤਵ ਵਿੱਚ ਇਹ ਗ਼ਲਤ ਕਲਪਨਾ ਹੈ ਜਾਂ ਹਦੀਸ ਦੀ ਗ਼ਲਤ ਵਿਆਖਿਆ ਹੈ ਜੋ ਕਿ ਤਿੰਨ ਮੌਕਿਆਂ'ਤੇ ਝੂਠ ਨੂੰ ਜਾਇਜ਼ ਕਰਾਰ ਦਿਤੱਾ ਹੈ । ਇਕ ਇਸਾਈ ਦੇ ਇਸੇ ਇਤਰਾਰਜ਼ ਦੇ ਉਤੱਰ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਝੂਠ ਬੋਲਣ ਅਤੇ ਆਪਣੇ ਧਰਮ ਨੂੰ ਲੁਕਾਉਣ ਦੀ ਆਗਿਆ ਦਿੱਤੀ ਹੈ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਸਪਸ਼ਟ ਰਹੇ ਕਿ ਸਚੱਾਈ ਲਈ ਜਿੰਨ੍ਹੀ ਕੁਰਆਨ ਕਰੀਮ ਵਿੱਚ ਤਾਕੀਦ ਹੈ, ਮੈਂ ਉਕੱਾ ਹੀ ਵਿਸ਼ਵਾਸ ਨਹੀਂ ਕਰ ਸਕਦਾ ਕਿ ਇੰਜੀਲ ਵਿੱਚ ਉਸਦਾ ਕਿਣਕਾ ਵੀ ਤਾਕੀਦ ਹੋਵੇ । ਕੁਰਆਨ ਸ਼ਰੀਫ਼ ਨੇ ਝੂਠ ਨੂੰ ਮੂਰਤੀ ਪੂਜਾ ਬਰਾਬਰ ਦੱਸਿਆ ਹੈ, ਜਿਵੇਂ ਕਿ ਅਲੱਾਹ ਤਆਲਾ ਫ਼ਰਮਾਉਂਦਾ ਹੈ

فَاجۡتَنِبُوا الرِّجۡسَ مِنَ الۡاَوۡثَانِ وَاجۡتَنِبُوۡا قَوۡلَ الزُّوۡرِ۔

ਅਰਥਾਤ ਬੁਤਾਂ ਦੇ ਗੰਦ ਅਤੇ ਝੂਠ ਦੇ ਗੰਦ ਤੋਂ ਬਚੋ । ਫਿਰ ਇਕ ਥਾਂ ਫ਼ਰਮਾਉਂਦਾ ਹੈ :

یٰۤاَیُّہَا الَّذِیۡنَ اٰمَنُوۡا کُوۡنُوۡا قَوّٰمِیۡنَ بِالۡقِسۡطِ شُہَدَآءَ لِلّٰہِ وَلَوۡ عَلٰۤی اَنۡفُسِکُمۡ اَوِ الۡوَالِدَیۡنِ وَالۡاَقۡرَبِیۡنَ

ਅਰਥਾਤ ਇਮਾਨ ਵਾਲਿਓ ਨਿਆਏ ਤੇ ਸਚੱਾਈ ਉਪੱਰ ਕਾਇਮ ਹੋ ਜਾਓ ਅਤੇ ਸੱਚੀ ਗਵਾਹੀਆਂ ਰੱਬ ਖ਼ਾਤਰ ਦਿਆ ਕਰੋ, ਬੇਸ਼ਕ ਤੁਹਾਡੀਆਂ ਜਾਨਾ ਉਪੱਰ ਦੁੱਖ ਪਹੁੰਚੇ ਜਾਂ ਤੁਹਾਡੇ ਮਾਂ ਬਾਪ ਅਤੇ ਤੁਹਾਡੇ ਨੇੜਲੇ ਸਾਕ ਸੰਬੰਧੀ ਇਹਨਾ ਗਵਾਹੀਆਂ ਤੋਂ ਹਾਣ ਝਲੱਣ । ਹੁਣ ਹੇ ਨਾਦਾਨ, ਰਤਾ ਇੰਜੀਲ ਖੋਲ ਤੇ ਸਾਨੂੰ ਦੱਸ ਕਿ ਸਚੱਾਈ ਲਈ ਅਜਿਹੀ ਤਾਕੀਦ ਇੰਜੀਲ ਵਿੱਚ ਕਿੱਥੇ ਹੈ ?

ਫਿਰ ਇਸੇ ਇਸਾਈ ਨੂੰ ਜਿਸ ਦਾ ਨਾਂ ਫ਼ਤਹ ਮਸੀਹ ਸੀ ਸੰਬੋਧਨ ਕਰਕੇ ਆਪ ਨੇ ਫ਼ਰਮਾਇਆ, ਆਪ ਲਿਖੱਦੇ ਹਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਤਿੰਨ ਥਾਂ ਝੂਠ ਬੋਲਣ ਦੀ ਆਗਿਆ ਦਿੱਤੀ ਹੈ ਪਰ ਇਹ ਆਪ ਨੂੰ ਜਹਾਲਤ ਕਰਕੇ ਗ਼ਲਤੀ ਲੱਗੀ ਹੈ ਅਤੇ ਅਸਲ ਗੱਲ ਇਹੋ ਹੈ ਕਿ ਕਿਸੇ ਹਦੀਸ ਵਿੱਚ ਝੂਠ ਬੋਲਣ ਦੀ ਉਕੱਾ ਹੀ ਕੋਈ ਆਗਿਆ ਨਹੀਂ ਹੈ, ਸਗੋਂ ਹਦੀਸ ਵਿੱਚ ਤਾਂ ਇਹ ਸ਼ਬਦ ਹਨ ਕਿ اِنْ قُتِلْتَ وَاُحْرِقْتَ ਅਰਥਾਤ ਸੱਚ ਨੂੰ ਨ ਛੱਡੋ ਭਾਵੇਂ ਤੁਹਾਡਾ ਕਤਲ ਕੀਤਾ ਜਾਏ ਜਾਂ ਸਾੜਿਆ ਜਾਏ । ਫਿਰ ਜਿਸ ਹਾਲਤ ਵਿੱਚ ਕੁਰਆਨ ਕਰੀਮ ਕਹਿੰਦਾ ਹੈ ਕਿ ਤੁਸੀਂ ਨਿਆਏ ਤੇ ਸੱਚ ਨੂੰ ਨ ਛੱਡੋ, ਭਾਵੇਂ ਤੁਹਾਡੀਆਂ ਜਾਨਾ ਵੀ ਇਸ ਵਿੱਚ ਚਲੀਆਂ ਜਾਣ ਅਤੇ ਹਦੀਸ ਕਹਿੰਦੀ ਹੈ ਕਿ ਜੇਕਰ ਤੁਸੀਂ ਸਾੜੇ ਜਾਓ ਅਤੇ ਕਤਲ ਕੀਤੇ ਜਾਓ ਪਰ ਸੱਚ ਹੀ ਬੋਲੋ ਤਾਂ ਫਿਰ ਜੇਕਰ ਕਲਪਨਾ ਦੇ ਰੂਪ ਵਿੱਚ ਕੋਈ ਹਦੀਸ ਕੁਰਆਨ ਕਰੀਮ ਤੇ ਸਹੀ ਹਦੀਸਾਂ ਦੇ ਵਿਪਰੀਤ ਹੋਵੇ ਤਾਂ ਉਹ ਸੁਣਵਾਈ ਯੋਗ ਹੀ ਨਹੀਂ ਹੋਵੇਗੀ ਕਿਉਂਕਿ ਅਸੀਂ ਲੋਕ ਉਸ ਹਦੀਸ ਨੂੰ ਕੁਬੂਲ ਕਰਦੇ ਹਾਂ ਜੋ ਸਹੀ ਹਦੀਸਾਂ ਤੇ ਕੁਰਆਨ ਕਰੀਮ ਦੇ ਵਿਪਰੀਤ ਨ ਹੋਵੇ ।

ਵਾਸਤਵ ਵਿੱਚ ਝੂਠ ਇਸਲਾਮ ਵਿੱਚ ਗੰਦ, ਹਰਾਮ ਤੇ ਮੂਰਤੀ ਪੂਜਨ ਦੇ ਬਰਾਬਰ ਹੈ, ਪਰ ਤੱਥ ਇਹ ਹੈ ਕਿ ਬਹਾਨਾ ਜੋ ਵਾਸਤਵ ਵਿੱਚ ਝੂਠ ਨਹੀਂ ਹੈ, ਸੰਕਟ ਸਮੇਂ ਲੋਕਾਂ ਲਈ ਇਸਦਾ ਜਾਇਜ਼ ਹੋਣਾ ਹਦੀਸਾਂ ਵਿੱਚ ਪਾਇਆ ਜਾਂਦਾ ਹੈ । ਪਰ ਫਿਰ ਵੀ ਲਿੱਖਿਆ ਹੈ ਕਿ ਬਿਹਤਰ ਉੱਹੋ ਲੋਕ ਹਨ ਜੋ ਬਹਾਨਿਆਂ ਤੋਂ ਵੀ ਗੁਰੇਜ਼ ਕਰਦੇ ਹਨ । ਬਹਾਨਾ ਉਤੱਮ ਦਰਜੇ ਦੀ ਸੰਜਮਤਾ ਦੇ ਵਿਰੁਧ ਹੈ । ਖੁਲੱਮ ਖੁਲੱਾ ਸੱਚ ਹੀ ਬਿਹਤਰ ਹੈ, ਭਾਵੇਂ ਇਸ ਦੇ ਸਬਬ ਮਾਰਿਆ ਜਾਵੇ ਜਾਂ ਸਾੜਿਆ ਜਾਵੇ ।

ਹਜ਼ੂਰ ਅਅਨਵਰ ਨੇ ਫ਼ਰਮਾਇਆ : ਹੁਣ ਮੈਂ ਹਜ਼ਰਤ ਮੁਹਮੱਦ ਬਿਨ ਮੁਸਲਮਾ ਦੇ ਜੀਵਨ ਬਾਰੇ ਬਿਆਨ ਕਰਦਾ ਹਾਂ । ਕਿ ਜੱਦ ਬਨੂ ਨਜ਼ੀਰ ਨੇ ਧੋਖੇ ਨਾਲ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਉਪੱਰ ਚੱਕੀ ਦਾ ਪਾਟ ਸੁੱਟਕੇ ਆਪਨੂੰ ਮਾਰਨ ਦਾ ਜਤਨ ਕੀਤਾ ਤਾਂ ਰੱਬ ਨੇ ਵਹੀ ਰਾਹੀਂ ਇਸ ਦੀ ਖ਼ਬਰ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੂੰ ਕਰ ਦਿੱਤੀ ਸੀ, ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੇਜ਼ੀ ਨਾਲ ਉੱਠੇ ਸੰਭਵਤਾ ਆਪ ਕਿਸੇ ਲੋੜ ਲਈ ਛੇਤੀ ਨਾਲ ਉੱਠੇ ਹਨ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਮਦੀਨੇ ਪਰਤ ਆਏ । ਆਪ ਸਲਲੱਾਹੁ ਅਲੈਹਿ ਵਸਲੱਮ ਦੇ ਜਾਣ ਦੇ ਬਾਦ ਆਪ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਵੀ ਕੁਝ ਦੇਰ ਉਡੀਕਣ ਦੇ ਬਾਦ ਆਪ ਦੇ ਪਿੱਛੇ ਮਦੀਨੇ ਆ ਗਏ । ਜੱਦ ਸਹਾਬਾ ਕਰਾਮ ਮਦੀਨੇ ਪਹੁੰਚੇ ਤਾਂ ਉਹਨਾਂ ਨੂੰ ਪਤਾ ਲਗੱਾ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਮੁਹਮੱਦ ਬਿਨ ਮੁਸਲਮਾ ਨੂੰ ਬੁਲਾਇਆ ਹੈ । ਹਜ਼ਰਤ ਅਬੂਬਕਰ ਨੇ ਅਰਜ਼ ਕੀਤੀ ਹੇ ਰਸੂਲੁਲੱਾਹ ! ਆਪ ਉਠੱਕੇ ਚਲੇ ਆਏ ਅਤੇ ਸਾਨੂੰ ਪਤਾ ਨ ਲਗੱਾ । ਆਪ ਨੇ ਫ਼ਰਮਾਇਆ ਕਿ ਯਹੂਦੀ ਮੇਰੇ ਨਾਲ ਧੋਖਾ ਕਰਨਾ ਚਾਹੁੰਦੇ ਸਨ, ਰੱਬ ਨੇ ਮੈਨੂੰ ਦੱਸ ਦਿਤੱਾ ਤਾਂ ਮੈਂ ਉਠੱਕੇ ਚਲਾ ਆਇਆ ।

ਹਜ਼ਰਤ ਮੁਹਮੱਦ ਬਿਨ ਮੁਸਲਮਾ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਬੁਲਾਇਆ ਅਤੇ ਫ਼ਰਮਾਇਆ ਕਿ ਬਨੂ ਨਜ਼ੀਰ ਦੇ ਯਹੂਦੀਆਂ ਕੋਲ ਜਾਓ ਅਤੇ ਉਹਨਾ ਨੂੰ ਕਹੋ ਕਿ ਮੈਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਤੁਹਾਡੇ ਕੋਲ ਭੇਜਿਆ ਹੈ ਕਿ ਤੁਸੀਂ ਮੇਰੇ ਸ਼ਹਿਰ ਵਿੱਚੋਂ ਨਿਕਲ ਜਾਓ । ਉਹ ਯਹੂਦੀਆਂ ਕੋਲ ਗਏ, ਉਹਨਾ ਨੂੰ ਕਿਹਾ ਕਿ

ਮੈਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਤੁਹਾਡੇ ਕੋਲ ਇਕ ਸੰਦੇਸ਼ ਦੇਕੇ ਭੇਜਿਆ ਹੈ, ਪਰ ਇਸ ਤੋਂ ਪਹਿਲਾਂ ਮੈਂ ਤੁਹਾਨੂੰ ਇਕ ਅਜਿਹੀ ਗੱਲ ਚੇਤੇ ਕਰਾਵਾਂ ਜਿਸਨੂੰ ਤੁਸੀਂ ਆਪਣੀਆਂ ਸਭਾਵਾਂ ਵਿੱਚ ਚੇਤੇ ਕਰਿਆ ਕਰਦੇ ਸੀ, ਯਹੂਦੀਆਂ ਨੇ ਪੁੱਛਿਆ ਕਿ ਉਹ ਕੀ ਹੈ ? ਹਜ਼ਰਤ ਮੁਹਮੱਦ ਮੁਸਲਮਾ ਨੇ ਕਿਹਾ ਕਿ ਮੈਂ ਤੁਹਾਨੂੰ ਉਸ ਤੌਰਾਤ ਦੀ ਸਹੁੰ ਦਿੰਦਾ ਹਾਂ ਜਿਸਨੂੰ ਰੱਬ ਨੇ ਮੂਸਾ ਉਪੱਰ ਉਤਾਰਿਆ । ਕੀ ਤੁਸੀਂ ਜਾਣਦੇ ਹੋ ਕਿ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ ਦੇ ਪ੍ਰਕਟ ਹੋਣ ਤੋਂ ਪਹਿਲਾਂ ਮੈਂ ਤੁਹਾਡੇ ਕੋਲ ਆਇਆ ਸੀ, ਤੁਸੀਂ ਆਪਣੇ ਸਾਹਮਣੇ ਤੌਰਾਤ ਖੋਲ ਰੱਖੀ ਸੀ, ਤੁਸੀਂ ਮੈਨੂੰ ਉਸ ਸਭਾ ਵਿੱਚ ਕਿਹਾ ਸੀ ਕਿ ਹੇ ਇਬਨੇ ਮੁਸਲਮਾ ਜੇਕਰ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਨੂੰ ਖਾਣਾ ਪੇਸ਼ ਕਰੀਏ ਤਾਂ ਅਸੀਂ ਤੁਹਾਨੂੰ ਖਾਣਾ ਪੇਸ਼ ਕਰਦੇ ਹਾਂ, ਜੇਕਰ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਨੂੰ ਯਹੂਦੀ ਬਣਾਈਏ ਤਾਂ ਅਸੀਂ ਤੁਹਾਨੂੰ ਯਹੂਦੀ ਬਣਾ ਦਿੰਦੇ ਹਾਂ । ਹਜ਼ਰਤ ਮੁਹਮੱਦ ਬਿਨ ਮੁਸਲਮਾ ਕਹਿੰਦੇ ਹਨ ਕਿ ਮੈਂ ਉਸ ਸਮੇਂ ਕਿਹਾ ਸੀ ਕਿ ਮੈਨੂੰ ਖਾਣਾ ਖੁਆਓ, ਮੈਨੂੰ ਯਹੂਦੀ ਨ ਬਣਾਓ, ਮੈਂ ਕਦੇ ਵੀ ਯਹੂਦੀ ਨਹੀਂ ਬਣਾਗਾ । ਤੁਸੀਂ ਮੈਨੂੰ ਇਕ ਤਸ਼ਤ ਵਿੱਚ ਖਾਣਾ ਦਿਤੱਾ ਅਤੇ ਤੁਸੀਂ ਕਿਹਾ ਕਿ ਹੁਣ ਤੁਹਾਡੇ ਕੋਲ ਉਹ ਹਸਤੀ (ਵਿਅਕਤੀ) ਆਏਗੀ ਜੋ ਮੁਸਕਰਾਉਣ ਵਾਲੀ ਹੈ, ਜੋ ਜੰਗ ਕਰਨ ਵਾਲੀ ਹੈ, ਉਸ ਦੀਆਂ ਅਖੱਾਂ ਵਿੱਚ ਲਾਲੀ ਹੈ, ਉਹ ਯਮਨ ਵੱਲੋਂ ਆਣਗੇ, ਉਹ ਊਠ'ਤੇ ਸਵਾਰੀ ਕਰਨਗੇ, ਉਹ ਚਾਦਰ ਓੜ੍ਹਨਗੇ, ਉਹ ਥੋੜੇ'ਤੇ ਹੀ ਸੰਤੋਖੀ ਹੋਣਗੇ, ਉਹਨਾ ਦੀ ਤਲਵਾਰ ਉਹਨਾ ਦੇ ਮੋਢੇ ਉਪੱਰ ਹੋਵੇਗੀ, ਉਹ ਬੁੱਧੀਮਤਾ ਨਾਲ ਗੱਲ ਕਰਨਗੇ ਸੰਭਵਤਾ ਉਹ ਤੁਹਾਡੇ ਨਾਲ ਨੇੜਤਾ ਰਖੱਦੇ ਹਨ । ਇਹ ਸੁਣਕੇ ਯਹੂਦੀਆਂ ਨੇ ਕਿਹਾ ਕਿ ਅਸੀਂ ਇਸੇ ਪ੍ਰਕਾਰ ਕਿਹਾ ਕਰਦੇ ਸੀ, ਪਰ ਇਹ ਉਹ ਨਬੀ ਨਹੀਂ ਹੈ । ਅਰਥਾਤ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਉਹ ਨਬੀ ਨਹੀਂ ਹਨ । ਹਜ਼ਰਤ ਮੁਹਮੱਦ ਮੁਸਲਮਾ ਨੇ ਕਿਹਾ ਕਿ ਮੈਂ ਆਪਣਾ ਸੰਦੇਸ਼ ਦੇ ਚੁੱਕਿਆ ਹਾਂ, ਜੋ ਮੈਂ ਤੁਹਾਨੂੰ ਚੇਤੇ ਕਰਾਉਂਣਾ ਚਾਹੁੰਦਾ ਸੀ । ਫਿਰ ਆਪਨੇ ਕਿਹਾ ਕਿ ਮੈਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਭੇਜਿਆ ਹੈ ਅਤੇ ਆਪਨੇ ਫ਼ਰਮਾਇਆ ਹੈ ਕਿ ਤੁਸੀਂ ਸਮਝੌਤਾ ਤੋੜਿਆ ਹੈ ਜਿਸਨੂੰ ਮੈਂ ਤੁਹਾਡੇ ਲਈ ਬਣਾਇਆ ਸੀ, ਕਿਉਂਕਿ ਤੁਸੀਂ ਮੈਨੂੰ ਧੋਖਾ ਦੇਣ ਦਾ ਜਤਨ ਕੀਤਾ ਹੈ, ਅਤੇ ਇਹ ਕਿ ਉਮਰੋ ਬਿਨ ਹਜਾਸ਼ ਛੱਤ ਉਪੱਰ ਚੜ੍ਹਿਆ ਤਾਂ ਜੋ ਉਹ ਆਪ (ਸਲਲੱਹੁ ਅਲੈਹਿ ਵਸਲਮ) ਉਪੱਰ ਪਥੱਰ ਸੁੱਟ ਦੇਵੇ । ਇਸ'ਤੇ ਉਹਨਾ ਨੇ ਚੁੱਪੀ ਸਾਧ ਲਈ ਅਤੇ ਉਹ ਇਕ ਅਖੱਰ ਵੀ ਨ ਬੋਲ ਸਕੇ । ਫਿਰ ਮੁਹਮੱਦ ਬਿਨ ਮੁਸਲਮਾ ਨੇ ਉਹਨਾ ਨੂੰ ਕਿਹਾ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹੈ ਕਿ ਤੁਸੀਂ ਮੇਰੇ ਸ਼ਹਿਰ ਵਿੱਚੋਂ ਨਿਕਲ ਜਾਓ, ਮੈਂ ਤੁਹਾਨੂੰ ਦੱਸ ਦਿਨ ਦੀ ਮੁਹਲਤ ਦਿੰਦਾ ਹਾਂ । ਇਸ ਦੇ ਬਾਦ ਜੇ ਇਧੱਰ ਦਿਖਾਈ ਦਿਤੱਾ ਤਾਂ ਮੈਂ ਇਸ ਦੀ ਗਰਦਨ ਉਡਾ ਦਿਆਂਗਾ । ਕੁਝ ਦਿਨ ਯਹੂਦੀ ਤਿਆਰੀ ਕਰਦੇ ਰਹੇ । ਉਹਨਾ ਦੀਆਂ ਸਵਾਰੀਆਂ ਜ਼ੋਜਦਰ ਅਸਥਾਨ'ਤੇ ਸਨ ਉਹ ਲਿਆਂਦੀਆਂ ਗਈਆਂ, ਬਨੂ ਅਸ਼ਜਾਅ ਕਬੀਲੇ ਤੋਂ ਉਹਨਾ ਨੇ ਕਿਰਾਏ'ਤੇ ਊਠ ਲਏ ਅਤੇ ਜਾਣ ਦੀ ਤਿਆਰੀ ਪੂਰੀ ਕੀਤੀ ।

ਯਹੂਦੀਆਂ ਦਾ ਇਹ ਰਵੱਈਆ ਬਿਆਨ ਕਰਦੇ ਹੋਏ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਲਿਖੱਦੇ ਹਨ ਕਿ ਬਨੂ ਕੁਰੈਜ਼ਾ ਦੀ ਗ਼ਦੱਾਰੀ ਅਜਿਹੀ ਨਹੀਂ ਸੀ ਕਿ ਅੱਖੋਂ ਉਹਲੇ ਕੀਤੀ ਜਾਂਦੀ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਖ਼ੰਦਕ ਦੀ ਜੰਗ ਤੋਂ ਵਾਪਸ ਆਉਂਦਿਆਂ ਹੀ ਆਪਣੇ ਸਹਾਬਾ ਨੂੰ ਫ਼ਰਮਾਇਆ ਕਿ ਘਰਾਂ ਵਿੱਚ ਆਰਾਮ ਨ ਕਰੋ ਸਗੋਂ ਸ਼ਾਮ ਤੋਂ ਪਹਿਲਾਂ ਬਨੂ ਕੁਰੈਜ਼ਾ ਦੇ ਕਿਲਿਆਂ ਤੱਕ ਪਹੁੰਚ ਜਾਓ ਅਤੇ ਫਿਰ ਆਪ ਨੇ ਹਜ਼ਰਤ ਅਲੀ ਨੂੰ ਬਨੂ ਗੁਰੈਜ਼ਾ ਕੋਲ ਭੇਜਿਆ ਕਿ ਉਹ ਉਹਨਾਂ ਨੂੰ ਪੁਛੱਣ ਕਿ ਉਹਨਾ ਨੇ ਸਮਝੌਤੇ ਦੇ ਵਿਰੁਧ ਗ਼ਦੱਾਰੀ ਕਿਉਂ ਕੀਤੀ । ਬਜਾਏ ਇਸਦੇ ਕਿ ਬਨੂ ਗੁਰੈਜ਼ਾ ਸ਼ਰਮਿੰਦੇ ਹੁੰਦੇ ਜਾਂ ਖਿਮਾ ਮੰਗਦੇ, ਉਹਨਾ ਨੇ ਹਜ਼ਰਤ ਅਲੀ ਅਤੇ ਉਹਨਾ ਦੇ ਸਾਥੀਆਂ ਨੂੰ ਬੁਰਾ ਭਲਾ ਆਖਣਾ ਸ਼ੁਰੂ ਕਰ ਦਿਤੱਾ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਅਤੇ ਆਪਦੇ ਪਰਿਵਾਰ ਦੀਆਂ

ਇਸਤਰੀਆਂ ਨੂੰ ਗਾਲ੍ਹਾਂ ਕਢੱਣੀਆਂ ਸ਼ੁਰੂ ਕਰ ਦਿੱਤੀਆਂ । ਹਜ਼ਰਤ ਅਲੀ ਇਹਨਾ ਦਾ ਇਹ ਉਤੱਰ ਲੈਕੇ ਵਾਪਸ ਪਰਤੇ ਤਾਂ ਐਨ੍ਹੇ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਵੀ ਸਹਾਬਾ ਨਾਲ ਯਹੂਦੀਆਂ ਦੇ ਕਿਲਿਆਂ ਵੱਲ ਚੱਲ ਪਏ ।

ਆਪ ਸਲਲੱਾਹੁ ਅਲੈਹਿ ਵਸਲੱਮ ਯਹੂਦੀਆਂ ਦੇ ਕਿਲਿਆਂ ਕੋਲ ਪਹੁੰਚੇ ਤਾਂ ਯਹੂਦੀਆਂ ਨੇ ਦਰਵਾਜ਼ੇ ਬੰਦ ਲਏ ਅਤੇ ਕਿਲਾਬੰਦ ਹੋ ਗਏ ਅਤੇ ਮੁਸਲਮਾਨਾ ਨਾਲ ਲੜਾਈ ਅਰੰਭ ਕਰ ਦਿੱਤੀ, ਇੱਥੋਂ ਤੱਕ ਕਿ ਇਸਤਰੀਆਂ ਵੀ ਲੜਾਈ ਵਿੱਚ ਸ਼ਮਾਲ ਹੋਈਆਂ । ਕਿਲੇ ਦੀ ਕੰਧ ਹੇਠ ਕੁਝ ਮੁਸਲਮਾਨ ਬੈਠੇ ਸਨ ਕਿ ਇਕ ਯਹੂਦੀ ਇਸਤਰੀ ਨੇ ਉਪੱਰੋਂ ਪਥੱਰ ਸੁਟੱਕੇ ਇਕ ਮੁਸਲਮਾਨ ਨੂੰ ਮਾਰ ਦਿਤੱਾ ।

ਬਨੂ ਕੁਰੈਜ਼ਾ ਵਿੱਚ ਇਕ ਵਿਅਕਤੀ ਉਮਰੋ ਬਿਨ ਸੂਅਦੀ ਨੇ ਜੋ ਇਸ ਕੌਮ ਦੇ ਸਰਦਾਰਾਂ ਵਿੱਚੋਂ ਸੀ ਆਪਣੀ ਕੌਮ ਦੀ ਨਿਖੇਦੀ ਕੀਤੀ ਅਤੇ ਕਿਹਾ ਕਿ ਤੁਸੀਂ ਗ਼ਦੱਾਰੀ ਕੀਤੀ ਹੈ, ਸਮਝੌਤਾ ਤੋੜਿਆ ਹੈ, ਹੁਣ ਜਾਂ ਤਾਂ ਮੁਸਲਮਾਨ ਹੋ ਜਾਓ ਜਾਂ ਜਜ਼ੀਏ ਉਪੱਰ ਰਾਜ਼ੀ ਹੋ ਜਾਓ । ਯਹੂਦੀਆਂ ਨੇ ਕਿਹਾ ਨ ਮੁਸਲਮਾਨ ਹੋਵਾਂਗੇ ਅਤੇ ਨ ਹੀ ਜਜ਼ੀਆ ਦਿਆਂਗੇ, ਇਸ ਤੋਂ ਚੰਗਾ ਕਤਲ ਹੋਣਾ ਹੈ । ਉਸ ਵਿਅਕਤੀ ਨੇ ਕਿਹਾ ਕਿ ਮੈਂ ਇਸ ਤੋਂ ਬਰੀ ਹੁੰਦਾ ਹਾਂ ਅਤੇ ਇਹ ਕਹਿਕੇ ਉਹ ਕਿਲੇ'ਚੋਂ ਨਿਕਲਕੇ ਬਾਹਰ ਚੱਲ ਪਿਆ । ਜੱਦ ਉਹ ਕਿਲੇ ਤੋਂ ਬਾਹਰ ਨਿਕਲ ਰਿਹਾ ਸੀ ਤਾਂ ਮੁਸਲਮਾਨਾ ਦੇ ਇੱਕ ਜੱਥੇ ਨੇ ਜਿਸਦੇ ਸਰਦਾਰ ਮੁਹਮੱਦ ਬਿਨ ਮੁਸਲਮਾ ਸਨ ਉਸਨੂੰ ਦੇਖ ਲਿਆ ਅਤੇ ਉਸ ਨੂੰ ਪੁੱਛਿਆ ਕਿ ਉਹ ਕੌਣ ਹੈ । ਉਸ ਨੇ ਦੱਸਿਆ ਕਿ ਮੈਂ ਫ਼ਲਾਣਾ ਹਾਂ । ਇਸ'ਤੇ ਮੁਹਮੱਦ ਬਿਨ ਮੁਸਲਮਾ ਨੇ ਇਹਨਾ ਨੂੰ ਕਿਹਾ ਕਿ ਆਪ ਸਲਾਮਤੀ ਨਾਲ ਚਲੇ ਜਾਣ ਅਤੇ ਫਿਰ ਰੱਬ ਤੋਂ ਦੁਆ ਕੀਤੀ ਕਿ ਹੇ ਅਲੱਾਹ ! ਮੈਂਨੂੰ ਸ਼ਰੀਫ਼ ਲੋਕਾਂ ਦੀਆਂ ਗ਼ਲਤੀ ਉਪੱਰ ਪਰਦਾ ਪਾਉਣ ਦੇ ਨੇਕ ਕੰਮ ਤੋਂ ਕਦੇ ਵੀ ਵਾਂਝਿਆਂ ਨ ਰੱਖੀਂ । ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਇਸ ਗੱਲ ਦਾ ਪਤਾ ਲਗੱਾ ਤਾਂ ਆਪਨੇ ਦੰਡ ਨਹੀਂ ਦਿਤੱਾ ਸਗੋਂ ਇਸ ਕੰਮ ਨੂੰ ਸਰਾਹਿਆ ਅਤੇ ਪ੍ਰਸ਼ੰਸਾ ਕੀਤੀ । ਸੋ ਮੁਸਲਮਾਨਾ ਨੇ ਆਂਹਜ਼ਰਤ ਸਲਲਾਹੁ ਅਲੈਹਿ ਵਸਲੱਮ ਦੀ ਸਿੱਖਿਆ ਦੇ ਚਾਨ੍ਹਣੇ ਵਿੱਚ ਹਮੇਸ਼ਾ ਨਿਆਏ ਦਾ ਸੁਲੂਕ ਕੀਤਾ ਹੈ ।

ਖੈਬਰ ਵਾਸੀਆਂ ਦੀਆਂ ਸ਼ਰਾਰਤਾਂ ਅਤੇ ਅਬੂ ਰਾਫ਼ਿਅ ਯਹੂਦੀ ਦੇ ਕਤਲ ਦੀ ਘਟਨਾ ਵਰਨਣ ਕਰਦਿਆਂ ਹੋਇਆਂ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮੁਹਮੱਦ ਬਿਨ ਮੁਸਲਮਾ ਵੀ ਉਹਨਾ ਲੋਕਾਂ ਵਿੱਚ ਸ਼ਾਮਲ ਸਨ ਜਿੰਨ੍ਹਾ ਨੇ ਅਬੂ ਰਾਫ਼ਿਅ ਨੂੰ ਕਤਲ ਕੀਤਾ ਸੀ । ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਬ ਇਸ ਘਟਨਾ ਦਾ ਵਿਸਥਾਰ ਇਉਂ ਵਰਨਣ ਕਰਦੇ ਹਨ ਕਿ ਜਿਹੜੇ ਯਹੂਦੀ ਰਈਸਾਂ ਦੇ ਉਪਦੱਰਾਂ ਤੇ ਭੜਕਾਵੇ ਕਰਕੇ 5 ਹਿਜਰੀ ਦੇ ਅੰਤ ਵਿੱਚ ਮੁਸਲਮਾਨਾ ਦੇ ਖ਼ਿਲਾਫ਼ ਅਹਜ਼ਾਬ ਦੀ ਜੰਗ ਦਾ ਖ਼ਤਰਨਾਕ ਉਪਦੱਰ ਮਚਿਆ ਸੀ, ਇਸ ਵਿੱਚ ਹਈ ਬਿਨ ਅਖ਼ਤਬ ਤਾਂ ਬਨੂ ਕੁਰੈਜ਼ਾ ਨਾਲ ਆਪਣੇ ਅੰਤ ਨੂੰ ਪਹੁੰਚ ਚੁੱਕਿਆ ਸੀ ਪਰ ਸਲਾਮ ਬਿਨ ਅਬੀ ਆਹਕੀਕ ਜਿਸਦਾ ਸਿਰਨਾਵਾਂ ਅਬੂ ਰਾਫ਼ਿਅ ਸੀ ਹੁਣ ਤੱਕ ਖ਼ੈਬਰ ਦੇ ਖੇਤਰ ਵਿੱਚ ਉਸੇ ਪ੍ਰਕਾਰ ਅਜ਼ਾਦ ਤੇ ਆਪਣੇ ਉਪਦੱਰਾਂ ਵਿਚੱ ਲੀਨ ਸੀ । ਉਹ ਨਜਦ ਦੇ ਵਹਿਸ਼ੀ ਤੇ ਜੰਗਜੂ ਕਬੀਲਿਆਂ ਨੂੰ ਮੁਸਲਮਾਨਾ ਦੇ ਵਿਰੁਧ ਭੜਕਾਉਂਦਾ ਰਹਿੰਦਾ ਸੀ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਦੁਸ਼ਮਣੀ ਵਿੱਚ ਕਅਬ ਬਿਨ ਅਸ਼ਰਫ਼ ਦੇ ਸਮਤੁੱਲ ਸੀ । ਉਸਨੇ ਗ਼ਤਫ਼ਾਨੀਆਂ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਵਿਰੁਧ ਹਮਲਾਆਵਰ ਹੋਣ ਲਈ ਚੰਗੇ ਵੱਡੇ ਧੰਨ ਨਾਲ ਮਦਦ ਕੀਤੀ, ਉਸਨੇ ਇਸ'ਤੇ ਹੀ ਬਸ ਨਹੀਂ ਕੀਤਾ ਸਗੋਂ ਉਸਦੀ ਦੁਸ਼ਮਣੀ ਦੀ ਅੱਗ ਮੁਸਲਮਾਨਾ ਦੇ ਰਕਤ ਦੀ ਪਿਆਸੀ ਸੀ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦਾ ਵੁਜੂਦ ਉਸ ਦੀਆਂ ਅਖੱਾਂ ਵਿੱਚ ਕੰਢੇ ਵਾਂਗ ਚੁਭਦਾ ਸੀ । ਸੋ, ਅੰਤ ਉਸਨੇ ਇਹ ਵਿਉਂਤ ਕੱਢੀ ਕਿ ਇਹਜ਼ਾਬ ਦੀ ਜੰਗ ਵਾਂਗ ਨਜਦ ਦੇ ਕਬੀਲੇ ਗ਼ਤਫ਼ਾਨ ਅਤੇ ਹੋਰਨਾ ਕਬੀਲਿਆਂ ਦਾ ਦੌਰਾ ਕੇਰਨਾ ਅਰੰਭਿਆ ਅਤੇ ਉਹਨਾ ਨੂੰ ਮੁਸਲਮਾਨਾ ਦੇ ਤਬਾਹ ਕਰਨ ਲਈ ਇਕ ਮਹਾਨ ਲਸ਼ਕਰ ਦੇ ਰੂਪ ਵਿੱਚ

ਇਕਤੱਰ ਕਰਨਾ ਸ਼ੁਰੂ ਕੀਤਾ । ਜੱਦ ਨੋਬਤ ਇੱਥੋਂ ਤੱਕ ਪਹੁੰਚ ਗਈ ਅਤੇ ਮੁਸਲਮਾਨਾ ਦੀਆਂ ਅਖੱਾਂ ਸਾਹਮਣੇ ਫਿਰ ਉਹੋ ਇਹਜ਼ਾਬ ਵਾਲੇ ਦ੍ਰਿਸ਼ ਆਉਣ ਲੱਗੇ ਤਾਂ ਆਂ'ਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਖ਼ਜ਼ਰਜ ਕਬੀਲੇ ਦੇ ਕੁਝ ਅੰਸਾਰੀ ਹਾਜ਼ਰ ਹੋਏ ਅਤੇ ਅਰਜ਼ ਕੀਤੀ ਕਿ ਹੁਣ ਇਸ ਉਪਦੱਰ ਦਾ ਇਲਾਜ ਸਿਵਾਏ ਇਸਦੇ ਕੁਝ ਨਹੀਂ ਕਿ ਕਿਸੇ ਪ੍ਰਕਾਰ ਇਸ ਉਪਦੱਰ ਦੇ ਮੋਢੀ ਅਬੂ ਰਾਫ਼ਿਅ ਦਾ ਖ਼ਾਤਮਾ ਕਰ ਦਿਤੱਾ ਜਾਏ । ਆਂ'ਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਸ ਗੱਲ ਨੂੰ ਸੋਚਦਿਆਂ ਹੋਇਆਂ ਕਿ ਦੇਸ਼ ਵਿੱਚ ਅਤਿ ਰਕਤ ਵਾਹਾਉਣ ਦੀ ਥਾਂ ਇਕ ਫ਼ਸਾਦੀ ਤੇ ਉਪਦੱਰੀ ਵਿਅਕਤੀ ਦਾ ਮਾਰਿਆ ਜਾਣਾ ਬਹੁਤ ਚੰਗਾ ਹੈ, ਇਹਨਾ ਸਹਾਬੀਆਂ ਨੂੰ ਅਗਿਆ ਪ੍ਰਦਾਨ ਕਰ ਦਿੱਤੀ ਅਤੇ ਅਬਦੁਲੱਾਹ ਬਿਨ ਅਤੀਕ ਅੰਸਾਰੀ ਦੀ ਸਰਦਾਰੀ ਵਿੱਚ ਚਾਰ ਖ਼ਜ਼ਰਜੀ ਸਹਾਬੀਆਂ ਨੂੰ ਜਿੰਨ੍ਹਾ ਵਿੱਚ ਹਜ਼ਰਤ ਮੁਹਮੱਦ ਬਿਨ ਮੁਸਲਮਾ ਰਜ਼ੀ ਅਲੱਾਹ ਅਨਹੁ ਵੀ ਸਨ । ਅਬੂ ਰਾਫ਼ਿਅ ਵੱਲ ਭੇਜਿਆ ਪਰ ਚਲਦੇ ਸਮੇਂ ਤਾਕੀਦ ਕੀਤੀ ਕਿ ਦੇਖਣਾ ਕਿਸੇ ਇਸਤਰੀ ਜਾਂ ਬੱਚੇ ਨੂੰ ਉਕੱਾ ਹੀ ਕਤਲ ਨ ਕਰਨਾ । ਸੋ, ਛੇ ਹਿਜਰੀ ਦੇ ਰਮਜ਼ਾਨ ਵਿੱਚ ਇਹ ਪਾਰਟੀ ਰਵਾਨਾ ਹੋਈ ਅਤੇ ਅਤਿਅੰਤ ਹੁਸ਼ਿਆਰੀ ਨਾਲ ਆਪਣਾ ਕੰਮ ਕਰਕੇ ਵਾਪਸ ਆ ਗਈ ਅਤੇ ਇਸ ਪ੍ਰਕਾਰ ਇਸ ਮਸੀਬਤ ਦੇ ਬਦੱਲ ਮਦੀਨਿ ਦੇ ਵਾਤਾਵਰਣ'ਚੋਂ ਟਲ ਗਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੀਰਤ ਖ਼ਾਤਾਮੰਨਬੀਯੀਨ ਵਿੱਚ ਲਿੱਖਿਆ ਹੈ ਕਿ ਅਬੂ ਰਾਫ਼ਿਅ ਦੇ ਕਤਲ ਬਾਰੇ ਸਾਨੂੰ ਕਿਸੇ ਬਹਿਸ ਵਿੱਚ ਪੈਣ ਦੀ ਲੋੜ ਨਹੀਂ । ਅਬੂ ਰਾਫ਼ਿਅ ਦੀਆਂ ਰਕਤਵਹਾਉ ਕਾਰਵਾਈਆਂ ਇਤਿਹਾਸ ਦਾ ਖ਼ੁਲੱਾ ਪੰਨ੍ਹਾ ਹਨ ।

ਇਸ ਸਮੇਂ ਮੁਸਲਮਾਨ ਅਤਿਅੰਤ ਕਮਜ਼ੋਰ ਅਵਸਥਾ ਵਿੱਚ ਚਾਰੇ ਪਾਸਿਓਂ ਮੁਸੀਬਤਾਂ ਵਿੱਚ ਘਿਰੇ ਹੋਏ ਸਨ । ਸਾਰਾ ਦੇਸ਼ ਮੁਸਲਮਾਨਾ ਨੂੰ ਮਿਟਾਉਣ ਲਈ ਇਕਜੁਟ ਹੋ ਰਿਹਾ ਸੀ । ਅਜਿਹੇ ਨਾਜ਼ੁਕ ਸਮੇਂ ਅਬੂ ਰਾਫ਼ਿਅ ਅਰਬ ਦੇ ਵੱਖ ਵੱਖ ਕਬੀਲਿਆਂ ਨੂੰ ਇਸਲਾਮ ਦੇ ਵਿਰੁਧ ਭੜਕਾ ਰਿਹਾ ਸੀ ਅਤੇ ਇਸ ਗੱਲ ਦੀ ਤਿਆਰੀ ਕਰ ਰਿਹਾ ਸੀ ਕਿ ਇਹਜ਼ਾਬ ਦੀ ਜੰਗ ਵਾਂਗ ਅਰਬ ਦੇ ਵਹਿਸ਼ੀ ਤੇ ਜੰਗਜੂ ਕਬੀਲੇ ਇਕੱਠੇ ਹੋਕੇ ਮਦੀਨਿ ਉਪੱਰ ਹਲੱਾ ਬੋਲ ਦੇਣ । ਅਰਬ ਵਿੱਚ ਇਸ ਸਮੇਂ ਕੋਈ ਹੁਕੂਮਤ ਨਹੀਂ ਸੀ ਕਿ ਜਿਸ ਰਾਹੀਂ ਪ੍ਰਸ਼ੰਸਾ ਚਾਹੀ ਜਾਂਦੀ ਸਗੋਂ ਹਰ ਕਬੀਲਾ ਆਪਣੀ ਥਾਂ ਅਜ਼ਾਦ ਸੀ । ਸੋ, ਸਿਵਾਏ ਇਸਦੇ ਕਿ ਆਪਣੀ ਸੁਰੱਖਿਆ ਲਈ ਆਪ ਹੀ ਕੋਈ ਵਿਉਂਤ ਕੱਢੀ ਜਾਂਦੀ ਹੋਰ ਕੋਈ ਸਾਧਨ ਨਹੀਂ ਸੀ । ਜੋ ਹੁਕੂਮਤ ਸੀ ਉਹ ਆਂ'ਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਆਪਣੀ ਸੀ । ਬਹਿਰਹਾਲ, ਇਹਨਾਂ ਹਾਲਾਤਾਂ ਵਿੱਚ ਸਹਾਬਾ ਨੇ ਜੋ ਕੁਝ ਬਣਦਾ ਸੀ ਕੀਤਾ ਉਹ ਬਿਲਕੁਲ ਠੀਕ ਸੀ ਅਤੇ ਬਜਾ ਸੀ, ਕਿਉਂਕਿ ਜੰਗੀ ਅਵਸਥਾ ਵਿੱਚ ਜੱਦ ਇਕ ਕੌਮ ਜੀਵਨ ਤੇ ਮੌਤ ਦੇ ਵਾਤਾਵਰਣ ਵਿੱਚੋਂ ਲੰਘ ਰਹੀ ਹੋਵੇ ਤਾਂ ਇਸ ਪ੍ਰਕਾਰ ਦੀਆਂ ਵਿਉਂਤਾਂ ਪੂਰਣਤਾ ਜਾਇਜ਼ ਸਮਝੀਆਂ ਜਾਂਦੀਆਂ ਹਨ ।

ਹਜ਼ਰਤ ਉਮਰ ਨੇ ਹਜ਼ਰਤ ਮੁਹਮੱਦ ਬਿਨ ਮੁਸਲਮਾ ਨੂੰ ਆਪਣੇ ਖ਼ਿਲਾਫ਼ਤ ਕਾਲ ਵਿੱਚ ਜਹੀਨਾ ਕਬੀਲੇ ਤੋਂ ਜ਼ਕਾਤ ਦੀ ਵੁਸੂਲੀ ਲਈ ਨਿਯੁਕਤ ਕੀਤਾ ਸੀ । ਹਜ਼ਰਤ ਸਅਦ ਬਿਨ ਅਬੀ ਵਕਾਸ ਨੇ ਕੂਫ਼ਾ ਵਿੱਚ ਇਕ ਮਹਲ ਨਿਰਮਾਣ ਕਰਾਇਆ ਅਤੇ ਉਸਦਾ ਦਰਵਾਜ਼ਾ ਰੱਖਿਆ ਜਿਸ ਦੇ ਸਬਬ ਅਵਾਜ਼ ਸੁਣਾਈ ਨਹੀਂ ਦਿੰਦੀ ਸੀ । ਹਜ਼ਰਤ ਉਮਰ ਨੂੰ ਜੱਦ ਇਹ ਪਤਾ ਲਗੱਾ ਤਾਂ ਆਪਨੇ ਹਜ਼ਰਤ ਮੁਹਮੱਦ ਬਿਨ ਮੁਸਲਮਾ ਨੂੰ ਰਵਾਨਾ ਕੀਤਾ । ਹਜ਼ਰਤ ਉਮਰ ਨੇ ਇਹਨਾ ਨੂੰ ਫ਼ਰਮਾਇਆ ਕਿ ਸਅਦ ਕੋਲ ਪਹੁੰਚਕੇ ਇਸ ਦਰਵਾਜ਼ੇ ਨੂੰ ਸਾੜ ਦੇਣਾ । ਸੋ, ਉਹ ਕੂਫ਼ਾ ਪਹੁੰਚੇ ਅਤੇ ਦਰਵਾਜ਼ੇ ਉਪੱਰ ਪਹੁੰਚਕੇ ਚਕਮਾਕ ਕੱਢੀ, ਅੱਗ ਸੁਲਗਾਈ ਫਿਰ ਦਰਵਾਜੇ ਨੂੰ ਸਾੜ ਦਿਤੱਾ । ਹਜ਼ਰਤ ਸਅਦ ਨੂੰ ਪਤਾ

ਲਗੱਾ ਤਾਂ ਉਹ ਬਾਹਰ ਆਏ ਅਤੇ ਹਜ਼ਰਤ ਮੁਹਮੱਦ ਬਿਨ ਮੁਸਲਮਾ ਨੇ ਉਹਨਾ ਨੂੰ ਸਾਰੀ ਗੱਲ ਦੱਸੀ ਕਿ ਮੈਂ ਕਿਉਂ ਸਾੜਿਆ ਹੈ ।

ਹਜ਼ਰਤ ਉਸਮਾਨ ਦੀ ਸ਼ਹੀਦੀ ਦੇ ਬਾਦ ਹਜ਼ਰਤ ਮੁਹਮੱਦ ਬਿਨ ਮਸਲਮਾ ਨੇ ਏਕਾਂਤ ਧਾਰਨ ਕਰ ਲਿਆ ਅਤੇ ਲਕੱੜ ਦੀ ਤਲਵਾਰ ਬਣਵਾ ਲਈ । ਹਜ਼ਰਤ ਮੁਹਮੱਦ ਬਿਨ ਮੁਸਲਮਾ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੈਨੂੰ ਇਕ ਤਲਵਾਰ ਤੋਹਫ਼ੇ ਵਿੱਚ ਦਿੱਤੀ ਅਤੇ ਫ਼ਰਮਾਇਆ ਕਿ ਇਸ ਨਾਲ ਮੁਸ਼ਰਿਕਾਂ ਨਾਲ ਜਿਹਾਦ ਕਰਨਾ ਜੱਦ ਤੱਕ ਉਹ ਤੁਹਾਡੇ ਨਾਲ ਲੜਦੇ ਰਹਿਣ ਅਤੇ ਜੱਦ ਤੂੰ ਮੁਸਲਮਾਨਾ ਨੂੰ ਦੇਖੇਂ ਕਿ ਉਹ ਇਕ ਦੂਜੇ ਨੂੰ ਕਤਲ ਕਰਨਾ ਸ਼ੁਰੂ ਕਰ ਦੇਣ ਤਾਂ ਤੂੰ ਕਿਸੇ ਚਟੱਾਨ ਕੋਲ ਆਣਕੇ ਇਸ’ਤੇ ਮਾਰਨਾ ਕਿ ਉਹ ਟੁੱਟ ਜਾਏ । ਫ਼ਿਰ ਆਪਣੇ ਘਰ ਬਹਿ ਜਾਣਾ ਇੱਥੋਂ ਤੱਕ ਕਿ ਤੁਹਾਡੇ ਕੋਲ ਕਿਸੇ ਪਾਪੀ ਦਾ ਹੱਥ ਪਹੁੰਚੇ ਜਾਂ ਤੁਹਾਨੂੰ ਮੌਤ ਆ ਲਏ । ਸੋ ਆਪਨੇ ਅਜਿਹਾ ਹੀ ਕੀਤਾ । ਆਪ ਫ਼ਿਤਨਿਆਂ ਤੋਂ ਅੱਡ ਰਹੇ ਅਤੇ ਜਮਲ ਤੇ ਸਫ਼ੀਨ ਦੀ ਜੰਗ ਵਿੱਚ ਸ਼ਾਮਲ ਨਹੀਂ ਹੋਏ ।

ਇਹਨਾ ਦੇ ਦੇਹਾਂਤ ਬਾਰੇ ਮਤਿਭੇਦ ਹੈ । ਵੱਖ ਵੱਖ ਰਿਵਾਇਤਾਂ ਅਨੁਸਾਰ ਤਰਤਾਲੀ, ਛਿਆਲੀ ਜਾਂ ਸੰਤਾਲੀ ਹਿਜਰੀ ਵਿੱਚ ਮਦੀਨੇ ਵਿੱਚ ਆਪਦਾ ਦੇਹਾਂਤ ਹੋਇਆ । ਇਸ ਸਮੇਂ ਆਪਦੀ ਉਮਰ 77 ਸਾਲ ਸੀ । ਆਪ ਦੀ ਨਮਾਜ਼ ਜਨਾਜ਼ਾਹ ਮਰਵਾਨ ਬਿਨ ਹਕਮ ਨੇ ਪੜ੍ਹਾਈ ਜੋ ਉਸ ਸਮੇਂ ਮਦੀਨੇ ਦੇ ਅਮੀਰ ਸਨ । ਕਈ ਰਿਵਾਇਤਾਂ ਵਿੱਚ ਇਹ ਜ਼ਿਕਰ ਮਿਲਦਾ ਹੈ ਕਿ ਕਿਸੇ ਨੇ ਇਹਨਾ ਨੂੰ ਸ਼ਹੀਦ ਕਰ ਦਿਤੱਾ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ਾਂ ਦੇ ਬਾਦ ਮੈਂ ਇਕ ਜਨਾਜ਼ਾ ਹਾਜ਼ਰ ਵੀ ਪੜ੍ਹਾਵਾਂਗਾ ਜੋ ਮੁਕਰੱਮ ਤਾਜ ਦੀਨ ਸਾਹਬ ਸਪੁਤੱਰ ਸਦਰ ਦੀਨ ਸਾਹਬ ਦਾ ਹੈ । **10** ਫ਼ਰਵਰੀ ਨੂੰ **84** ਸਾਲ ਦੀ ਉਮਰ ਵਿੱਚ ਇਹਨਾ ਦਾ ਦੇਹਾਂਤ ਹੋਇਆ ਹੈ । اناللہواناالیہراجعون۔ । ਮਰਹੂਮ ਰੱਬ ਦੀ ਮਿਹਰ ਨਾਲ ਮੂਸੀ ਸਨ । ਇਹ ਯੁਗੰਡਾ ਵਿੱਚ ਪੈਦਾ ਹੋਏ । **1967** ਈ. ਵਿੱਚ ਯੂ.ਕੇ ਸ਼ਿਫ਼ਟ ਹੋ ਗਏ । **1984** ਈ. ਵਿੱਚ ਜੱਦ ਇਸਲਾਮਾਬਾਦ ਦੀ ਜ਼ਮੀਨ ਖ਼ਰੀਦੀ ਗਈ ਤਾਂ ਮਰਹੂਮ ਨੇ ਆਪਣੀਆਂ ਸੇਵਾਂ ਪੇਸ਼ ਕਰ ਦਿੱਤੀਆਂ । ਫਿਰ ਬਾਈ ਸਾਲ ਤੱਕ ਇਸਲਾਮਾਬਾਦ ਵਿੱਚ ਬਹੁਤ ਇਮਾਨਦਾਰੀ ਨਾਲ ਸੇਵਾ ਕਰਨ ਦਾ ਸੰਜੋਗ ਪ੍ਰਾਪਤ ਕੀਤਾ । ਇਸਲਾਮਾਬਾਦ ਵਿੱਚ ਪਹਿਲੇ ਜਲਸੇ ਦੇ ਆਯੋਜਨ ਤੋਂ ਲੈਕੇ ਅੰਤਮ ਜਲਸੇ ਤੱਕ ਅਣਥੱਕ ਮਿਹਨਤ ਕੀਤੀ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨਾ ਨੂੰ ਹਰ ਸਹੂਲਤ ਪਹੁੰਚਾਉਣ ਦਾ ਹਰ ਸੰਭਵ ਜਤਨ ਕਰਦੇ ਰਹੇ । ਅਲੱਾਹ ਤਆਲਾ ਮਰਹੂਮ ਨਾਲ ਬਖ਼ਸ਼ਿਸ਼ ਤੇ ਰਹਿਮ ਦਾ ਸੁਲੂਕ ਕਰੇ ਅਤੇ ਉਹਨਾ ਦੀ ਸੰਤਾਨ ਤੇ ਨਸਲਾਂ ਨੂੰ ਉਹਨਾ ਵਾਂਗ ਨੇਕੀ ਤੇ ਵਫ਼ਾਦਾਰੀ ਵਿੱਚ ਵਧਾਏ ਅਤੇ ਸਬਰ ਤੇ ਸੰਤੋਖ ਪ੍ਰਦਾਨ ਕਰੇ ।

**Khulasa Khutba Jumma 14.02.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131